## ਘੰਟੇ ਬਾਰੇ ਵੀਚਾਰ [1]

ਪ੍ਰਮਾਣਿ

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥ ੧ ॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ [2]

ਸਾਧ ਸੰਗਤ ਜੀਓ, ਪੜਦੇ ਦੇ ਪ੍ਰਮਾਨਾਂ ਤੋਂ ਬਾਦ ਜਦ ਪਿਛਾਂ ਦੇਖੀਆ, ਤਾਂ ਸ਼ੰਕਾਵਾਦੀ ਕਹਿ ਰਹੇ ਸਨ ਕਿ ਘੰਟਾ ਖੜਕਾਉਨ ਟਲ ਬਜਾਵਨੇ ਗੁਰਮਤ ਦੇ ਉਲਟ ਹੈ। ਸੋ ਸੁਣੋ ਸਾਧ ਸੰਗਤ ਜੀਓ, ਸ਼ੰਕਾਵਾਦੀ ਸਜਨ ਖ਼ਾਸ ਧਿਆਨ ਦੇ ਕਰ ਸੁਣਿਨ। ਅਕਾਲ ਉਸਤਤ ਬਾਣੀ ਵਿਚੋਂ ਸ੍ਰੀ ਮੁਖਵਾਕ ਪਾ: ੧੦ ਏਹ ਖ਼ਾਸ ਬਾਣੀ ਕਲਗੀਧਰ ਦਸ਼ਮੇਸ਼ ਪਿਤਾ ਜੀ ਦੀ ਉਚਾਰਨ ਕੀਤੀ ਹੋਈ ਹੈ। ਉਸ ਵਿਚੋਂ : -

ਤਵ ਪ੍ਰਸਾਦਿ ਦੀਰਘ ਤ੍ਰਿਭੰਗੀ ਛੰਦ ॥

ਘੰਟਕਾ ਬਿਰਾਜੈ ਰੁਣਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ ॥
ਕੋਕਲ ਸੁਨ ਲਾਜੈ ਕਿਲਬਿਖ ਭਾਜੈ ਸੁਖ ਉਪਰਾਜੈ ਮੱਧ ਉਰੰ ॥
ਦੁਰਜਨ ਦਲ ਦੱਝੈ ਮਨ ਤਨ ਰਿੱਝੈ ਸ ਭੈ ਨ ਭੱਜੈ ਰੋਹ ਰਣੰ ॥
ਜੈ ਜੈ ਹੋਸੀ ਮਹਖਾਸੁਰ ਮਰਦਨ ਚੰਡ ਚੱਕ੍ਰਤਨ ਆਦਿ ਗੁਰੰ ॥੧੩॥੨੨੩॥ [3]

ਸਾਧ ਸੰਗਤ ਜੀਓ, ਇਸ ਛੰਦ ਵਿਚ ਗੁਰੂ ਸਾਹਿਬ ਘੰਟੇ ਦਾ ਜ਼ਿਕਰ ਕਰਦੇ ਹੋਏ (ਘੰਟਕਾ ਬਿਰਾਜੇ) ਦੇਵੀ ਦੁਰਗਸ਼ਾਹ ਦੇ ਪਾਸ ਘੰਟਕਾ ਬਿਰਾਜੈ ਦਾ ਮਤਲਬ ਉਦ੍ਹੇ ਪਾਸ ਸੀ। ਰੁਣਿ ਝੁਣਿ ਬਾਜੈ । ਘੰਟੇ ਦੇ ਆਵਾਜ਼ ਦਾ ਬਰਨੰਨ ਕੀਤਾ ਹੈ। ਭਰਮ ਦਾ ਅ੍ਰਥ ਕਿ ਰਾਹ ਜਾਂਦਿਆਂ ਨੂੰ ਵ ਦੈਂਤਾਂ ਨੂੰ, ਮੁਸਲਮਾਨਾਂ ਨੂੰ ਭਰਮ ਨਾ ਰਹੇ ਕਿ ਕੀਹਦਾ ਮੰਦ੍ਰ ਹੈ। ਆਵਾਜ਼ ਸੁਣਿਨ ਨਾਲ ਭ੍ਰਮ ਦੂਰ ਹੋ ਜਾਂਦਾ ਹੈ ਔਰ ਨਿਰਭੈ ਹੋ ਕੇ ਮੰਦ੍ਰ, ਗੁਰਦਵਾਰੇ ਸਾਹਿਬ ਆ ਜਾਨ। ਸੁਨਤ ਸੁਰੰ। ਘੰਟੇ ਦੇ ਆਵਾਜ਼ ਨੂੰ ਸੁਨ ਕੇ 'ਕੋਕਲ ਸੁਨ ਲਾਜੈ' ਗੁਰੂ ਸਾਹਿਬ ਜੀ ਘੰਟੇ ਦੇ ਆਵਾਜ਼

---

[1] ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਦੇ ਲਿੱਖੇ ਇਸ ਲੇਖ ਦੀ ਆਲੋਚਨਾ ਲਈ ਦੇਖੋ ਇਸੇ ਸੈਕਸ਼ਨ ਵਿੱਚਲਾ ਲੇਖ 'ਘੰਟਾ ਵਜਾਉਣ ਬਾਰੇ ਵੀਚਾਰ'।

[2] ਰਾਗੁ ਗੂਜਰੀ ਮਹਲਾ ੪, ਪੰਨਾ ੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[3] ਸ੍ਰੀ ਅਕਾਲ ਉਸਤਤਿ, ਪੰਨਾ ੩੨, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

ਦਾ ਵਰਨਨ ਕਰਦੇ ਹਨ ਕਿ ਘੰਟੇ ਦਾ ਆਵਾਜ਼ ਕੋਕਲ ਤੋਂ ਭੀ ਮਿਠਾ ਆਵਾਜ਼ ਹੈ। ਕਿ ਇਸ ਆਵਾਜ਼ ਨੂੰ ਸੁਣਿ ਕੇ ਕੋਕਲ ਭੀ ਲਜਾਵਾਨ ਹੁੰਦਾ ਹੈ ਕਿ ਮੇਰਾ ਭੀ ਇਤਨਾ ਮਿਠਾ ਸੁਰੀਲਾ ਅਵਾਜ਼ ਨਹੀਂ ਹੈ। ਘੰਟੇ ਦੀ ਆਵਾਜ਼ ਨੂੰ ਸੁਨ ਕੇ 'ਕਿਲਬਿਖ ਭਾਜੈ'। ਭਾਵ ਅ੍ਰਥ, ਜਿਸਤਰ੍ਹਾਂ ਕਿ ਪੈਂਤੀਸ ਅਖਰੀ ਵਿਚ ਜ਼ਿਕਰ ਆਯਾ ਹੈ। ਚਾਪ ਗਿਆਨ ਕਰ ਜਾਏ ਬਿਰਾਜੈ ਛਾਯਾ ਦਵੈਤ ਸਗਲ ਉਠ ਭਾਜੈ। 'ਸੁਖ ਉਪਰਾਜੈ', ਘੰਟੇ ਦੇ ਆਵਾਜ਼ ਨੂੰ ਦਸਮ ਗੁਰੂ ਜੀ ਸੁਖ ਦਾਇਕ ਵ ਸੁਖਾਂ ਨੂੰ ਉਪਜਾਵਨ ਵਾਲਾ ਆਵਾਜ਼ ਹੈ।

ਸੋ ਭਾਈ ਸ਼ੰਕਾਵਾਦੀ ਸਜਨੋ, ਘੰਟੇ ਦਾ ਆਵਾਜ਼ ਮਾੜਾ ਹੁੰਦਾ, ਤਾਂ ਗੁਰੂ ਸਾਹਿਬ ਜੀ ਖੰਡਨ ਕਰਦੇ, ਪ੍ਰ ਗੁਰੂ ਸਾਹਿਬ ਜੀ ਨੇ ਖੰਡਨ ਨਹੀਂ ਕੀਤਾ, ਬਲਕੇ ਉਸ ਆਵਾਜ਼ ਦੀ ਉਪਮਾ ਵ ਸ਼ਲਾਘਾ ਕੀਤੀ ਹੈ। ਇਸ ਵਾਸਤੇ ਸਚਖੰਡ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਸਮ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਬਜਾਯਾ ਜਾਂਦਾ ਹੈ, ਕਿਉਂਕਿ ਮਹਾਰਾਜ ਏਹ ਆਵਾਜ਼ ਸੁਨ ਕੇ ਖ਼ੁਸ਼ ਹੋਵੰਦੇ ਹਨ।

### ਘੰਟੇ ਬਾਰੇ

ਸ੍ਰੀ ਚੰਦ ਜੀ ਗੁਰੂ ਨਾਨਕ ਸਾਹਿਬ ਜੀ ਦੇ ਬੜੇ ਸਪੁਤ੍ਰ ਦਾ ਇਤਹਾਸ ਵਿਚ ਜ਼ਿਕਰ ਵ ਸਾਖੀ ਆਈ ਹੈ। ਬਾਬਾ ਸ੍ਰੀ ਚੰਦ ਜੀ ਜਦ ਸਿੰਧ ਮੁਲਕ ਵਿਚ ਗਏ। ਠਟੇ ਨਗਰ ਆਸਨ ਲਾ ਕੇ ਬੈਠੇ ਸਨ। ਭਾਈ ਕਮਲੀਆ ਜੀ ਨੇ ਧੂੰਨੀ ਧਕਾ ਦਿਤੀ। ਸਾਮਨੇ ਬਾਬਾ ਜੀ ਸਮਾਧੀ ਵਿਚ ਇਸਥਿਤ ਹੋ ਗਏ। ਬਾਬਾ ਜੀ ਦਾ ਭਤੀਜਾ ਧਰਮ ਚੰਦ ਛੋਟੀ ਉਮ੍ਰ ਦੇ ਬਚਿਆਂ ਨਾਲ ਖੇਲਦੇ ਖੇਲਦੇ ਬੇਰ ਖਾਂਦੇ ਜੰਗਲ ਵਿਚ ਦੂਰ ਨਿਕਲ ਗਏ। ਅਗੇ ਸ਼ੇਰਨੀ ਅਪਨੇ ਬਚੇ ਨੂੰ ਦੁਧ ਚੁੰਗਾ ਰਹੀ ਸੀ। ਧਰਮ ਚੰਦ ਜੀ ਨੇ ਦੇਖਿਆ ਵ ਕੰਨੋਂ ਫੜ ਕੇ ਲਿਆ ਕੇ ਬਾਬਾ ਜੀ ਦੇ ਅਸਥਾਨ ਤੇ ਬੰਨ੍ਹ ਦਿਤੀ। ਏਹ ਸ਼ਕਤੀ ਦੇਖ ਸਿੰਧ ਨੀਵਾਸੀ ਵ ਨਗ੍ਰ ਨੀਵਾਸੀ ਨੇ ਜਾਨੀਆ ਕਿ ਏਹ ਸ਼ਿਵ ਜੀ ਦੇ ਔਤਾਰ ਹਨ। ਇਨ੍ਹਾਂ ਨੂੰ ਆਪਨਾ ਦੁਖ ਸੁਨਾਈਏ। ਆਕਰ ਕਿ ਸਾਰੇ ਬਾਬਾ ਜੀ ਨੂੰ ਮਥਾ ਟੇਕ ਕੇ ਬੈਠ ਗਏ। ਬੇਨਤੀ ਕੀਤੀ ਕਿ ਇਥੋਂ ਦਾ ਨਵਾਬ ਮਿਰਜ਼ਾ ਸਾਹਿਬ ਸਾਨੂੰ ਹਿੰਦੂਵਾਂ ਨੂੰ ਪੂਜਾ ਔਰ ਘੰਟੇ ਘੜਿਆਲ ਨਹੀਂ ਬਜਾਵਨ ਦੇਂਦਾ। ਏਹ ਸੁਨ ਕੇ ਬਾਬਾ ਸ੍ਰੀ ਚੰਦ ਜੀ ਏਹ ਧਕੇਸ਼ਾਹੀ ਨੂੰ ਬ੍ਰਦਾਸ ਨਾ ਕਰਦੇ ਹੋਏ ਅਪਨੇ ਅਸਥਾਨ ਤੇ ਦੋਨੋ ਟੈਮ ਆਰਤੀ ਔਰ ਘੰਟੇ ਘੜੀਆਲ, ਸੰਖ ਬਜਾਵਨੇ ਸ਼ੁਰੂ ਕਰ ਦਿਤੇ ਔਰ ਸਾਰੀਆਂ ਨੂੰ ਹੁਕਮ ਕੀਤਾ ਕਿ ਤੁਸੀਂ ਨਿਸ਼ੰਕ ਹੋ ਕੇ ਪੂਜਾ ਆਰਤੀ, ਘੜੀਆਲ, ਘੰਟੇ, ਸੰਖ ਬਜਾਓ। ਏਹ ਖ਼ਬ੍ਰ ਮ੍ਰਿਜ਼ਾ ਸਾਹਿਬ ਤਕ ਸੁਨਾਈ ਗਈ। ਉਸ ਨੇ ਕਿਹਾ ਕਿ ਛਡੋ, ਇਸ ਮਲੰਗ ਦੀਆਂ ਗਲਾਂ ਨੇ। ਉਹ ਤਾਂ ਪਾਗਲ ਸੁਨੀਂਦਾ ਹੈ । ਆਪੇ ਚਲਾ ਜਾਇਗਾ। ਸ੍ਰੀ ਬਾਬਾ ਜੀ ਨੇ ਐਸਾ ਸੁਨਿਯਾ। ਫ਼ੁਰਮਾਯਾ ਕਿ ਅਸੀਂ ਤਾਂ ਪਾਗਲ ਨਹੀਂ, ਪ੍ਰ ਦੂਸਰੀਆਂ ਨੂੰ ਪਾਗਲ ਜਾਨਿਨ ਵਾਲਾ ਆਪ ਹੀ ਪਾਗਲ ਹੈ। ਏਹ ਵਾਕ ਹੋਨ ਦੀ ਦੇਰ ਸੀ ਬ ਸਾਫਿਰ ਸੀ। ਤੀਰ ਨਿਕਲੀਆ, ਠੀਕ ਨਿਸ਼ਾਨ ਉਤੇ ਜਾ ਲਗਾ।

ਸਾਧੂ ਬੋਲੇ ਸਹਿਜ ਸੁਭਾਇ ॥ ਸਾਧੂ ਕਾ ਬੋਲੀਆ ਬਿਰਥਾ ਨਹੀਂ ਜਾਇ ॥

ਇਧ੍ਰ ਗਲਾਂ ਕਰਦੀਆਂ ਮੁਹਮਦ ਖ਼ਾਨ ਬਾਕੀ ਅਪਨੇ ਆਪ ਵਿਚ ਬਾਕੀ ਨ ਰਿਹਾ । ਉਹ ਪਲ ਵਿਚ ਪਾਗਲ ਹੋ ਗਿਆ ਏਹ ਦੇ ਹਥ ਵਿਚ ਨੰਗੀ ਤਲਵਾਰ ਸੀ, ਜੋ ਖਿਚ ਕੇ ਅਪਨੇ ਹੀ ਪੇਟ ਵਿਚ ਮਾਰੀ ਤੇ ਉਥੇ ਹੀ ਢੈਹਿ ਢੇਰੀ ਹੋ ਗਯਾ । ਇਉਂ ਬਾਬਾ ਜੀ ਦਾ ਬਚਨ ਸਤ ਹੋਇਆ । ਸੋ ਭਾਈ ਸ਼ੰਕਾਵਾਦੀ ਸਜਨੋ, ਅਗਰ ਘੰਟਾ ਬਜਾਵਨਾ ਗੁਰਮਤ ਦੇ ਵਿਰੁਧ ਹੁੰਦਾ ਵ ਉਲਟ ਹੁੰਦਾ, ਤਾਂ ਗੁਰੂ ਨਾਨਕ ਸਾਹਿਬ ਜੀ ਦੇ ਸਪੁਤ੍ਰ ਸ਼ਿਵ ਸਰੂਪ ਬਾਬਾ ਸ੍ਰੀ ਚੰਦ ਦੀ ਸੰਖ ਘੰਟਾ ਮ੍ਰਿਜ਼ਾ ਸਾਹਿਬ ਦਾ ਰੋਕਨ ਤੇ ਇਨਤੇ ਗ਼ੁਸੇ ਵਿਚ ਕਿਉਂ ਆਂਵਦੇ ? ਗੁਸਾ ਭੀ ਹਦ ਤੋਂ ਪ੍ਰੇ ਆਯਾ ਕਿ ਮ੍ਰਿਜ਼ਾ ਸਾਹਿਬ ਦਾ ਖ਼ੂਨ ਹੀ ਕਰ ਦਿਤਾ, ਕਿਉਂਕਿ ਬਾਬਾ ਸ੍ਰੀ ਚੰਦ ਜੀ ਮਹਾਰਾਜ ਓਹ ਕੰਮ ਕਦੇ ਭੁਲ ਕੇ ਭੀ ਨਹੀਂ ਕਰਦੇ ਸਨ, ਜਿਸ ਦੀ ਪਿਤਾ ਗੁਰੂ ਨਾਨਕ ਸਾਹਿਬ ਵਲੋਂ ਆਗਿਯਾ ਨਾ ਹੋਵੈ । ਏਹ ਜਤੀ ਰਹਿਨ ਦੀ ਆਗਿਯਾ ਪਿਤਾ ਗੁਰੂ ਨਾਨਕ ਸਾਹਿਬ ਵਲੋਂ ਦਿਤੀ ਗਈ ਸੀ ।

ਪ੍ਰਮਾਨ

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ [੪]

ਏਸ ਹੁਕਮ ਦੀ ਪਾਲਨਾ ਇਤਨੀ ਕੀਤੀ ਕਿ ਇਨ੍ਹਾਂ ਦਾ ਨਾਉਂ ਹੀ ਜਤੀ ਬਾਬਾ ਸ੍ਰੀ ਚੰਦ ਪੈ ਗਯਾ । ਸੋ ਭਾਈ ਸ਼ੰਕਾਵਾਦੀ ਸਜਨੋ, ਸੋਚੋ ਕਿ ਗੁਰੂ ਸਾਹਿਬ ਔਰ ਗੁਰੂ ਸਾਹਿਬ ਦੇ ਸਾਹਿਬਜ਼ਾਦੇ ਘੰਟਾ ਬਜਾਵਨ ਤੇ ਨਰਾਜ਼ ਹੁੰਦੇ ਹਨ ਕਿ ਰੋਕਨ ਤੇ । ਘੰਟੇ ਬਾਰੇ ਔਰ ਖੋਜ ਹਵਾਲਾ ਸ੍ਰੀ ਨਾਰਾਯਨ ਹਰੀ ਉਪਦੇਸ਼, ਰਚੀਤ ਪੰਡਤ ਹਰਦੇਵ ਸਿੰਘ ਜੀ, ਨਿਰਮਲ ਕੁਟਿਆ ਕੰਨਖਲ, ਹਰਦੁਵਾਰ, ਸਫ਼ਾ ਨੰ: ੫੮ । ਅਰਥ, ਸਿਧ ਆਸਨ ਮੇਂ ਬੈਠਕਰ ਔਰ ਭਵਾਂ ਕੇ ਬੀਚ ਮੇਂ ਦ੍ਰਿਸ਼ਟੀ ਰਖਤਾ ਹੁਵਾ, ਚਿਤ ਕੋ ਇਕਾਗਰ ਕਰਤਾ ਹੋ ਵ ਸਜੇ ਕੰਨ ਮੇਂ ਅੰਤ੍ਰ ਹੋਨ ਵਾਲਾ ਜੋ ਨਾਦ ਸਬਦ, ਉਸ ਕੋ ਹਰ ਵਕਤ ਯੋਗੀ ਸੁਨਤਾ ਹੈ । ਨਾਦ ਸਬਦ ਮੇਂ ਅਭਿਆਸ ਬਾਹ ਯਾ ਸਬਦੋਂ ਕੋ ਰੋਕ ਲੇਤਾ ਹੈ । ਖਖ ਸੇ ਦੂਸ੍ਰੇ ਪਖ ਮੇਂ ਸਾਰ ਸੰਸਾਰ ਕੋ ਜੈ ਕਰ ਤੁਰੀਯਾ ਪਦ ਕੋ ਪ੍ਰਾਪਤ ਹੋਤਾ ਹੈ ।

ਪਹਿਲੇ ਅਭਿਯਾਸ ਮੇਂ ਬੜਾ ਨਾਦ ਨਾਨਾ ਪ੍ਰਕਾਰ ਕਾ ਸ੍ਰਵਨ ਕਰਤਾ ਹੈ ਅਰ ਅਭਿਯਾਸ ਕੇ ਵਧ ਜਾਨੇ ਪ੍ਰ ਸੂਖਮ ਸੇ ਸੂਖਮ ਕੋ ਸੁਨ ਲੇਤਾ ਹੈ । ਪਹਿਲੇ ਸਮੁਦ੍ਰ ਕੀ ਨਿਆਈ ਬੜੀ ਗਜਕਾਰ ਸੁਨਾਈ ਆਤੀ ਹੈ ਔਰ ਵਿਚ ਮੇਂ ਕੋਮਲ ਸਬਦ ਪਰਤੀਤ ਹੋਤੇ ਹੈਂ, ਜੈਸੇ ਘੰਟੇ ਆਦਿ । ਅੰਤ ਮੇਂ ਸੂਖਮ ਸਬਦ ਨਾਨਾ ਪ੍ਰਕਾਰ ਕੇ ਸੁਨਾਈ ਆਤੇ ਹੈਂ, ਜੈਸੇ ਘੰਟੇ, ਕਿੰਕਨੀ, ਬੀਨਾ, ਬੰਸਰੀ ਔਰ ਭੇਰੀ ਆਦਿਕੋਂ ਸਬਦ ਸੁਨਾਈ ਆਤੇ ਹੈਂ । ਸੋ ਸਾਧ ਸੰਗਤ ਜੀਓ, ਅਨਾਹਦ ਸਬਦ ਮੇਂ ਘੰਟੇ ਬਜਨੇ ਕਾ ਜ਼ਿਕਰ ਆਇਆ ਹੈ । ਅਨਾਹਤ ਸਬਦ ਹਰ ਏਕ ਇਨਸਾਨ ਕੇ ਦਸਮੇਂ ਦੁਵਾਰ ਮੇਂ ਜੋਤ ਕੇ ਸਾਮਨੇ ਹੋਤਾ ਰਹਤਾ ਹੈ । ਅਗ੍ਰ ਸ਼ੰਕਾਵਾਦੀ ਸਜਨਾਂ ਨੂੰ ਘੰਟੇ ਦਾ ਅਵਾਜ਼ ਬੁਰਾ ਲਗਦਾ ਹੈ ਔਰ ਗੁਰਮਤ ਦੇ ਵਿਰੁਧ ਲਗਦਾ ਹੈ, ਤੋ ਅਪਨੇ ਦਿਮਾਗ਼ ਵਿਚ ਪਹਿਲੇ ਬੰਦ ਕਰਨ । ਅਨਾਹਤ ਸਬਦ ਦੇ ਬਾਰੇ ਗੁਰਬਾਣੀ ਅਨੰਦ ਸਾਹਿਬ ਵਿਚ ਭੀ ਜ਼ਿਕਰ ਆਵੰਦਾ ਹੈ : -

---

[੪] ਆਸਾ ਮਹਲਾ ੧, ਪੰਨਾ ੧੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥ [੫] (ਅਨੰਦ ਸਾਹਿਬ)

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ [੬]

ਵਾਜੈ ਅਨਹਦੁ ਮੇਰਾ ਮਨੁ ਲੀਣਾ ॥ [੭] ਰਾਮਕਲੀ ਮ: ੧

ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ [੮]

ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ ॥ [੯]

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ [੧੦]

ਸਹਜ ਗੁਫਾ ਮਹਿ ਆਸਣੁ ਬਾਧਿਆ ॥ ਜੋਤਿ ਸਰੂਪ ਅਨਾਹਦੁ ਵਾਜਿਆ ॥ ਆਸਾ ਮਹਲਾ ੫, ੩੭੦

ਦਰਿ ਵਾਜਹਿ ਅਨਹਤ ਵਾਜੇ ਰਾਮ ॥ [੧੧] ਵਡਹੰਸ ਮ: ੫

ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥ [੧੨]

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥ [੧੩]

ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥ [੧੪]

---

[੫] ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੨੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੬] ਰਾਮਕਲੀ ਮਹਲਾ ੫, ਪੰਨਾ ੮੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੭] ਰਾਮਕਲੀ ਮਹਲਾ ੧, ਪੰਨਾ ੯੦੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੮] ਰਾਮਕਲੀ ਮਹਲਾ ੧, ਪੰਨਾ ੯੦੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੯] ਗਉੜੀ ਗੁਆਰੇਰੀ ਮਹਲਾ ੩, ਪੰਨਾ ੧੬੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੦] ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੧] ਵਡਹੰਸੁ ਮਹਲਾ ੫, ਪੰਨਾ ੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੨] ਵਡਹੰਸੁ ਮਹਲਾ ੫, ਪੰਨਾ ੫੭੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੩] ਧਨਾਸਰੀ ਮਹਲਾ ੫, ਪੰਨਾ ੬੭੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੪] ਭੈਰਉ ਮਹਲਾ ੫, ਪੰਨਾ ੧੧੫੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ [੧੫]

ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥ [੧੬]

ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ [੧੭]

ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥ [੧੮]

ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ ਸਬਦਿ ਅਤੀਤਿ ਅਨਾਹਦਿ ਰਾਤਾ ॥ [੧੯]

ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ [੨੦]

ਸਬਦ ਸੁਰਤ ਲਿਵ ਲਾਈ ਅਨਹਤ ਵਾਇਆ

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥ [੨੧]

ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥ [੨੨] ਰਾਮਕਲੀ ਮ: ੫, ੮੮੮

ਸਾਰੰਗ ਮ: ੫

ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥ [੨੩] ੧੨੩੬

---

[੧੫] ਸਾਰਗ ਮਹਲਾ ੫, ਪੰਨਾ ੧੨੨੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੬] ਸਾਰਗ ਮਹਲਾ ੫, ਪੰਨਾ ੧੨੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੭] ਸੋਰਠਿ, ਕਬੀਰ ਜੀ, ਪੰਨਾ ੬੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੮] ਬਿਲਾਵਲੁ, ਕਬੀਰ ਜੀ, ਪੰਨਾ ੮੫੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੯] ਗਉੜੀ ਕਬੀਰ ਜੀ, ਪੰਨਾ ੩੨੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੦] ਰਾਮਕਲੀ ਬਾਣੀ ਬੇਣੀ ਜੀਉ ਕੀ, ਪੰਨਾ ੯੭੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੧] ਮਾਲੀ ਗਉੜਾ ਮਹਲਾ ੪, ਪੰਨਾ ੯੮੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੨] ਰਾਮਕਲੀ ਮਹਲਾ ੫, ਪੰਨਾ ੮੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੩] ਸਾਰਗ ਮਹਲਾ ੫ ਅਸਟਪਦੀ, ਪੰਨਾ ੧੨੩੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਮਾਨ ਯੋਗ ਸਾਧ ਸੰਗਤ ਜੀਓ, ਜਿਤਨੇ ਗੁਰਬਾਣੀ ਦਿਆਂ ਤੁਕਾਂ ਅਨਹਦ ਸਬਦ ਬਾਰੇ ਆਈਆਂ ਹਨ । ਅਨਾਹਦ ਸਬਦ ਵਿਚ, ਸਾਜ਼ਾਂ ਵਿਚ ਘੰਟੇ ਦਾ ਭੀ ਅਵਾਜ਼ ਦਰਜ ਹੈ । ਜੇੜ੍ਹੇ ਸ਼ੰਕਾਵਾਦੀ ਸਜਨ ਘੰਟੇ ਦਾ ਅਵਾਜ਼ ਨਹੀਂ ਸੁਨਿਣਾ ਚਾਹੁੰਦੇ ਵ ਗੁਰਮਤ ਦੇ ਵਿਰੁਧ ਸਮਝਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਸੀਧੇ ਬੈਕੁੰਠ ਜਾ ਕੇ ਉਥੇ ਬੰਦ ਕਰਾਵਨ ਦਾ ਆਡਰ ਕਢਨ ਯਾ ਡਾਕਟ੍ਰ ਕੋਲੋਂ ਅਪ੍ਰੇਸ਼ਨ ਕਰਾ ਕੇ ਦਮਾਗ ਦਾ ਬੰਦ ਕਰਾਵਨ, ਨਹੀਂ ਤਾਂ ਉਨ੍ਹਾਂ ਪ੍ਰੇਮੀਆਂ ਤੇ ਏਹੁ ਗੁਰਬਾਣੀ ਤੁਕਾਂ ਘਟਦੀਆਂ ਹਨ : -

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ [੨੪]

ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥ ਆਸਨੁ ਜਾ ਕਾ ਸਦਾ ਬੈਕੁੰਠ ॥ [੨੫]

ਘੰਟੇ ਬਾਰੇ ਸ੍ਰੀ ਮਦ ਭਾਗਵਤ ਦਾ ਹਵਾਲਾ: - ਜਿਸ ਵਖਤ ਪੰਜੇ ਪਾਂਡਵਾਂ ਨੇ ਅਸਮੇਧ ਜਗ ਆਰੰਭਿਆ, ਕਿਰਸਨ ਭਗਵਾਨ ਦੀ ਆਗਿਯਾ ਅਨੁਸਾਰ । ਪਾਂਡਵਾਂ ਨੇ ਬੇਨਤੀ ਕੀਤੀ ਕਿ ਭਗਵਾਨ, ਸਾਨੂੰ ਕਿਸਤਰ੍ਹਾਂ ਪਤਾ ਲਗੇਗਾ, ਅਸਮੇਧ ਜਗ ਸੰਪੂਰਨ ਹੋਯਾ ਹੈ ਔਰ ਕੁਲ ਹਤਿਆ, ਬ੍ਰਹਮ ਹਤਿਆ ਦੂਰ ਹੋ ਗਈਆਂ ਹਨ ? ਕਿਰਸਨ ਭਗਵਾਨ ਜੀ ਨੇ ਉਚੀ ਜਗ੍ਹਾ ਤੇ ਸੰਖ ਔਰ ਘੰਟਾ ਰਖ ਦਿਤੇ ਵ ਰਖਵਾ ਦਿਤੇ । ਪਾਂਡਵਾਂ ਪ੍ਰਤੀ ਬਚਨ ਕੀਤਾ ਕਿ ਜਦ ਏਹ ਸੰਖ ਔਰ ਘੰਟਾ ਅਪਨੇ ਆਪ ਬਜੇਗਾ, ਤਾਂ ਸਮਝ ਲੇਨਾ ਕਿ ਜਗ ਸੰਪੂਰਨ ਹੋਯਾ ਹੈ ਔਰ ਸਭ ਪਾਪ ਉਤ੍ਰ ਗਏ ਹੈਂ । ਜਦ ਬਾਲਮੀਕ ਬ੍ਰਹਮਦ੍ਰਸੀ, ਆਤਮਦ੍ਰਸੀ, ਬ੍ਰਹਮਗਿਆਨੀ, ਤਤਬੇਤਾ ਨੇ ਜਗ ਦਾ ਭੋਜਨ ਛਕਿਆ, ਘੰਟਾ ਵ ਸੰਖ ਜ਼ੋਰ ਨਾਲ ਬਜਿਆ । ਜਗੋ ਸੰਪੂਰਨ ਭਯਾ । ਏਹ ਪ੍ਰਸੰਗ ਬਹੁਤ ਬੜਾ ਹੈ । ਇਥੇ ਟੂਕ ਮਾਤ੍ਰ ਦ੍ਰਸਾਯਾ ਗਿਯਾ ਹੈ । ਹਵਾਲਾ ਸ੍ਰੀਮਦ ਭਾਗਵਤ ਗੀਤਾ ਧਿਆਇ ੬, ਸਲੋਕ ੭, ੮, ੯ ਪ੍ਰੇਮੀ ਦੇਖ ਸਕਦੇ ਹਨ ।

ਸਾਧ ਸੰਗਤ ਜੀਓ, ਘੰਟੇ ਦਾ ਅਵਾਜ਼ ਬਾਰੇ ਵ ਬਜਾਵਨ ਬਾਰੇ ਕਿਧਰ ਭੀ, ਕੀਸੀ ਇਤਹਾਸ ਵ ਪ੍ਰਸੰਗ ਵਿਚ ਸੁਣਿਨ ਵਿਚ ਨਹੀਂ ਆਇਯਾ ਕਿ ਗੁ: ਸਾਹਿਬ ਵਿਚੁ ਘੰਟਾ ਨਹੀਂ ਬਜਨਾ ਚਾਹੀਏ । ਕਹਾਵਤ ਭੀ ਹੈ ਕਿ ਤੇਰੇ ਸੁਰਗਾਂ ਵਿਚ ਵ ਬੈਕੁੰਠ ਵਿਚ ਘੰਟੇ ਬਜਨ । ਘੰਟੇ ਦਾ ਅਵਾਜ਼ ਮੰਗਲਮਈ ਹੈ । ਏਹ ਉਪ੍ਰਲੇ ਪ੍ਰਸੰਗ ਪਾਂਡਵਾਂ ਦੇ ਜਗ ਵਾਲੇ ਨੂੰ ਮੁਖ ਰਖਦੇ ਹੋਏ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ, ਸਚਖੰਡ ਘੰਟਾ ਭੋਗ ਦੇ ਟੈਮ ਬਜਾਵਨ ਦੀ ਮ੍ਰਿਜਾਦਾ ਰਖੀ ਹੋਈ ਹੈ । ਜਿਤਨੇ ਭੀ ਬਾਹਰੋਂ ਯਾਤਰੂ ਆਂਵਦੇ ਹਨ ਯਾ ਹਾਜ਼ਰੀਨ ਸੰਗਤ ਵਿਚੋਂ ਜਿਤਨੇ ਭੀ ਕੜਾਹ ਪ੍ਰਸਾਦਿ ਕਰਾਂਵਦੇ ਹਨ ਵ ਮਹਾਰਾਜ ਜੀ ਨੂੰ ਪੰਜ ਥਾਲਾਂ ਦਾ ਭੋਗ ਲਗਾਂਵਦੇ ਹਨ, ਏਹ ਅਸਮੇਧ ਜਗ ਦੇ ਬਰਾਬਰ ਹੈ । ਏਹ ਜਗ ਦੀ ਪੂਰਤੀ ਲਈ ਸੰਖ, ਘੰਟੇ ਅਰਦਾਸ ਤੋਂ ਬਾਦ ਬਜਾਏ ਜਾਂਦੇ ਹਨ ।

---

[੨੪] ਆਸਾ, ਫ਼ਰੀਦ ਜੀ, ਪੰਨਾ ੪੮੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੫] ਆਸਾ ਮਹਲਾ ੫, ਪੰਨਾ ੩੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਇਤਨਾ ਪ੍ਰਸੰਗ ਦਾ ਬ੍ਰਨਨ ਹੋ ਰਹਾ ਸੀ ਕਿ ਸ਼ੰਕਾਵਾਦੀ ਸਜਨ ਕਹਿ ਰਹੇ ਸਨ, ਏਹ ਤਾਂ ਕ੍ਰਿਸ਼ਨ ਮਹਾਰਾਜ ਦੇ ਹੁਕਮ ਨਾਲ ਅਸਮੇਧ ਜਗ ਵਿਚ ਰਖੇ ਗਏ ਸਨ ਵ ਵਜਾਏ ਗਏ ਸਨ । ਗੁਰੂ ਸਾਹਿਬ ਜੀ ਦਾ ਇਨਾਂ ਬਾਰੇ ਹੁਕਮ ਨਹੀਂ ਹੈ । ਗੁਰਬਾਣੀ ਵਿਚ ਕਿਥੇ ਲਿਖਯਾ ਹੈ ਕਿ ਸੰਖ, ਘੰਟੇ ਬਜਾਵਨੇ । ਠਹਿਰੋ ਭਾਈ ਸ਼ੰਕਾਵਾਦੀ ਸਜਨੋ । ਤੁਹਾਨੂੰ ਗੁਰਬਾਣੀ ਵਿਚੋਂ ਸੁਣਾਂਵਦੇ ਹਾਂ : -

ਸਵੈਯਾ

ਸੰਖਨ ਦੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥ [੨੬]

ਸੋ ਗੁਰਬਾਣੀ ਵਿਚ ਏਸ ਤਰ੍ਹਾਂ ਗੁਰੂ ਸਾਹਿਬ ਘੰਟੇ, ਸੰਖ ਬਾਰੇ ਫ਼ੁਰਮਾਇਆ ਹੈ । ਘੰਟਾ, ਸੰਖ ਰੋਕਨਾ ਰਾਖਸਾਂ ਦਾ, ਮੁਸਲਮਾਨਾਂ ਵ ਕਮਨਿਸ਼ਟਾਂ ਦਾ ਕੰਮ ਹੈ । ਖ਼ਾਲਸਾ ਮਹਾਰਾਜ ਨੇ ਇਨ੍ਹਾਂ ਦੀ ਹਿਫ਼ਾਜ਼ਤ ਵਾਸਤੇ ਸਾਜਿਆ ਹੈ । ਮੁਸਲਮਾਨ ਘੰਟਾ ਮੰਦ੍ਰਾਂ ਵਿਚ ਨਹੀਂ ਬਜਨ ਦੇਂਦੇ ਸਨ । ਗੁਰੂ ਸਾਹਿਬ ਹਿੰਦੂਆਂ ਨੂੰ ਅਜ਼ਾਦੀ ਦੀਵਾਣਾਂ ਚਾਹੁੰਦੇ ਸਨ । ਮੁਸਲਮਾਨਾਂ ਦਾ ਖ਼ੁਦਾ ਮਸਜੀਦ ਵਿਚ ਬੈਠਾ ਸੰਖ, ਘੰਟਾ ਬੈਨ-ਬਾਜਾ ਦਾ ਅਵਾਜ਼ ਸੁਨ ਕੇ ਨਰਾਜ਼ ਹੁੰਦਾ ਹੈ ਤੇ ਕਹਿੰਦਾ ਹੈ ਕਿ ਬੰਦ ਕਰੋ । ਸਿੰਘਾਂ ਦਾ, ਖ਼ਾਲਸੇ ਪੰਥ ਦਾ ਵਾਲੀ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦਸ਼ਮੇਸ਼ ਗੁਰੂ ਜੀ ਸੰਖ, ਘੰਟੇ ਦੀ ਅਵਾਜ਼ ਨਾ ਸੁਨ ਕਰ ਨਰਾਜ਼ ਹੁੰਦੇ ਹਨ ਔਰ ਕਹਿੰਦੇ ਹਨ ਵ ਹੁਕਮ ਦੇਂਦੇ ਹਨ ਕਿ ਬਜਾਓ ਨਿਰਭੈ ਹੋ ਕੇ । ਜਦ ਫੇਰ ਖ਼ਾਲਸਾ ਧਰਮ ਦਾ ਰਾਜ ਕਾਇਮ ਕਰਦਾ ਹੈ ਔਰ ਸੰਖ, ਘੰਟੇ ਬਜਦੇ ਹਨ । ਸੁਣਿ ਕਰ ਦਸ਼ਮੇਸ਼ ਪਿਤਾ ਜੀ ਬੜੇ ਖ਼ੁਸ਼ ਹੁੰਦੇ ਹਨ । ਸ਼ਾਬਾਸ਼ ਮੇਰੇ ਬੀਰ ਬਹਾਦਰ ਸਪੁਤਰੋ । ਜਿਸਤਰ੍ਹਾਂ ਕਿ ਰਾਜਾ ਅਪਨੀ ਰਯੀਤ ਨੂੰ ਸੁਖੀ ਦੇਖ ਕੇ ਖ਼ੁਸ਼ ਹੁੰਦਾ ਹੈ । ਹਰ ਕੌਮ ਅਪਨਾ ਅਪਨਾ ਧਰਮ ਮ੍ਰਿਜਾਦਾ ਪੂਜਾ, ਪਾਠ ਅਜ਼ਾਦੀ ਨਾਲ ਕਰਦੇ ਹਨ । ਰਾਜਾ ਦੇਖ ਕੇ, ਸੁਨ ਕੇ ਖ਼ੁਸ਼ ਹੁੰਦਾ ਹੈ । ਇਸਤਰ੍ਹਾਂ

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ [੨੭]

ਗੁਰ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇਖ ਕਰ ਖ਼ੁਸ਼ ਹੁੰਦੇ ਹਨ, ਕਿਉਂਕਿ ਗੁਰੂ ਸਾਹਿਬ ਅਪਨੀ ਮੁਖਵਾਕ ਬਾਣੀ ਵਿਚ ਇਸਤਰ੍ਹਾਂ ਫ਼ੁਰਮਾਂਵਦੇ ਹਨ : -

ਯਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥ [੨੮]

---

[੨੬] ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ ੭੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨੭] ਸੋਰਠਿ ਮਹਲਾ ੫, ਪੰਨਾ ੬੧੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੮] ਅਪਨੀ ਕਥਾ, ਬਚਿੱਤ੍ਰ ਨਾਟਕ, ਪੰਨਾ ੫੭-੫੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਧਰਮ ਨੂੰ ਗੁਰੂ ਸਾਹਿਬ ਚਲਾਵਨ ਆਏ ਸਨ। ਭਾਈ ਸੰਤੋਖ ਸਿੰਘ ਕਵੀ ਲਿਖਦੇ ਹਨ :

ਸਵੈਯਾ ।
ਛਾਏ ਜਾਤੀ ਏਕਤਾ ਅਨੇਕਤਾ ਬਲਾਏ ਜਾਤੀ। ਧਾਇ ਜਾਤੀ ਭੂਚੀਲਤਾ ਕਤੇਬਨ ਕੀ ਕੁਰਾਨ ਕੀ।
ਪਾਪ ਹੀ ਪ੍ਰਪਕ ਜਾਤੇ, ਧਰਮ ਧਸਕ ਜਾਤੇ ਬਰਨ ਗਰਕ ਜਾਤੇ ਸਾਹਿਤਾ ਵਿਧਾਨ ਕੀ।
ਦੇਵੀ ਦੇਵ ਦੇਉਰੇ ਸੰਤੋਖ ਸਿੰਘ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਬੇਦਨ ਪੂਰਾਨ ਕੀ।
ਵਾਹ ਵਾਹੁ ਗੋਬਿੰਦ ਸਿੰਘ ਪ੍ਰਮਸੁਰ ਬੀਰ ਮੂਰਤੀ ਨ ਹੋਤੀ ਜੋ ਪੈ ਕਰੁਨਾਨਿਧਾਨ ਕੀ।

ਸੋ ਸਾਧ ਸੰਗਤ ਜੀਓ, ਗੁਰ ਸਾਹਿਬ ਜੀ ਦਾ ਔਤਾਰ ਇਨ੍ਹਾਂ ਨੂੰ ਰੋਕਨ ਵਾਸਤੇ ਨਹੀਂ, ਬਲਕਿ ਰੋਕਨ ਵਾਸਤੇ ਔਰੰਗਜ਼ੇਬ ਪੈਦਾ ਹੋਇਆ ਸੀ।